03 Jan_Page_Jalandharr-5-8.qxd 1/4/2022 12:45 AM Page 1

ਸਿਵਲ ਸਰਜਨ ਡਾ. ਰਣਜੀਤ ਸਿੰਘ ਘੋਤੜਾ, ਈ.ਐਸ.ਆਈ. ਹਸਪਤਾਲ ਦੀ ਮੈਡੀਕਲ ਸੁਪ੍ਰਿੰਟੈਂਡੈਂਟ ਡਾ. ਸੁਧਾ ਸ਼ਰਮਾ, ਜ਼ਿਲ੍ਹਾ ਟੀਕਾਕਰਨ ਅਧਿਕਾਰੀ ਡਾ. ਰਾਕੇਸ਼ ਚੋਪੜਾ ਅਤੇ ਹੋਰ ਅਧਿਕਾਰੀਆਂ ਦੀ ਹਾਜ਼ਰੀ 'ਚ ਸਿਹਤ ਵਿਭਾਗ ਦੀ ਮੁਲਾਜ਼ਮ ਬੱਚੇ ਨੂੰ ਕੋਵੈਕਸੀਨ ਦਾ ਟੀਕਾ ਲਗਾ ਕੇ ਟੀਕਾਕਰਨ ਮੁਹਿੰਮ ਦੀ ਸ਼ੁਰੂਆਤ ਕਰਦੇ ਹੋਏ। ਤਸਵੀਰ : ਮੁਨੀਸ਼

ਕੋਰੋਨਾ ਟੀਕਾਕਰਨ ਦੇ ਪਹਿਲੇ ਦਿਨ 837 ਬੱਚਿਆਂ ਦਾ ਹੋਇਆ ਟੀਕਾਕਰਨ

ਪਹਿਲੀ ਡੋਜ਼ ਲੱਗਣ ਤੋਂ 28 ਦਿਨ ਬਾਅਦ ਲੱਗੇਗੀ ਦੂਜੀ ਡੋਜ਼

ਜਲੰਧਰ, 3 ਜਨਵਰੀ (ਐੱਮ.ਐੱਸ. ਲੋਹੀਆ)-ਕੋਰੋਨਾ ਦੀ ਤੀਜੀ ਲਹਿਰ ਓਮੀਕ੍ਰੋਨ ਦੇ ਤੇਜ਼ੀ ਨਾਲ ਹੋ ਰਹੇ ਫੈਲਾਅ ਦੇ ਮੱਦੇਨਜਰ ਸਿਹਤ ਵਿਭਾਗ ਵਲੋਂ ਵੱਧ ਤੋਂ ਵੱਧ ਲੋਕਾਂ ਦੀ ਰੋਗ ਪ੍ਰਤੀਰੋਧਕ ਸਮਰੱਥਾ ਵਧਾਉਣ ਲਈ ਵੈਕਸੀਨੇਸ਼ਨ ਦੇ ਦਾਇਰੇ ਦਾ ਵਿਸਥਾਰ ਕਰਦੇ ਹੋਏ 15 ਤੋਂ 18 ਸਾਲ ਦੇ ਬੱਚਿਆਂ ਦਾ ਵੀ ਟੀਕਾਕਰਨ ਸ਼ੁਰੂ ਕੀਤਾ ਗਿਆ ਹੈ।

ਟੀਕਾਕਰਨ ਕਰਵਾਉਣ ਤੋਂ ਬਾਅਦ ਜੇਤੂ ਚਿੰਨ ਬਣਾਉਂਦੇ ਹੋਏ ਨੌਜਵਾਨ। ਤਸਵੀਰ : ਮੁਨੀਸ਼

ਬੱਚਿਆਂ ਦਾ ਜਲਦ ਕਰਵਾਓ ਟੀਕਾਕਰਨ-ਸਿਵਲ ਸਰਜਨ

ਸਿਵਲ ਸਰਜਨ ਡਾ. ਰਣਜੀਤ ਸਿੰਘ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ 15 ਤੋਂ 18 ਸਾਲ ਦੇ ਬੱਚਿਆਂ ਦਾ ਜਲਦ ਤੋਂ ਜਲਦ ਟੀਕਾਕਰਨ ਕਰਵਾਓ ਅਤੇ ਟੀਕਾਕਰਨ ਉਪਰੰਤ ਵੀ ਕੋਰੋਨਾ ਨਿਯਮਾਂ ਦੀ ਪਾਲਣਾ ਜਰੂਰ ਕਰਨ। ਉਨ੍ਹਾਂ ਕਿਹਾ ਕਿ ਕੋਰੋਨਾ ਦੀ ਤੀਜੀ ਲਹਿਰ ਨਾਲ ਨਜਿੱਠਣ ਲਈ ਟੀਕਾਕਰਨ ਹੀ ਸਭ ਤੋਂ ਕਾਰਗਰ ਹੱਥਿਆਰ ਹੈ।

ਈ.ਐਸ.ਆਈ. ਹਸਪਤਾਲ ਜਲੰਧਰ ਵਿਖੇ ਸਿਵਲ ਸਰਜਨ ਡਾ. ਰਣਜੀਤ ਸਿੰਘ ਘੋਤੜਾ ਤੇ ਮੈਡੀਕਲ ਸੁਪਰੀਡੈਂਟ ਈ.ਐਸ.ਆਈ. ਡਾ. ਸੁਧਾ ਸ਼ਰਮਾ ਨੇ ਅੱਜ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ। ਉਨ੍ਹਾਂ ਦੱਸਿਆ ਕਿ ਸ਼ੁਰੂਆਤ 'ਚ ਸਿਰਫ਼ ਕੋ-ਵੈਕਸੀਨ ਦਾ ਟੀਕਾ ਹੀ ਬੱਚਿਆਂ ਨੂੰ ਲਗਾਇਆ ਜਾਵੇਗਾ। ਇਸਦੀ ਪਹਿਲੀ ਡੋਜ਼ ਲੱਗਣ ਤੋਂ 28 ਦਿਨ ਬਾਅਦ ਦੂਜੀ ਡੋਜ਼ ਲੱਗੇਗੀ। ਉਨ੍ਹਾਂ ਦੱਸਿਆ ਕਿ ਪਹਿਲੇ ਦਿਨ ਕੁੱਲ 837 ਬੱਚਿਆਂ ਦਾ ਟੀਕਾਕਰਨ ਕੀਤਾ ਗਿਆ। ਇਸ ਮੌਕੇ ਸਹਾਇਕ ਸਿਵਲ ਸਰਜਨ ਵਰਿੰਦਰ ਕੌਰ ਥਿੰਦ, ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਰਾਕੇਸ਼ ਕੁਮਾਰ ਚੋਪੜਾ, ਐਸ.ਐਮ.ਓ. ਡਾ. ਵੰਦਨਾ ਧੀਰ, ਐਸ.ਐਮ.ਓ. ਡਾ. ਹਰੀਪਾਲ ਸਿੰਘ, ਐਸ.ਐਮ.ਓ. ਡਾ. ਹਰਦੇਵ ਸਿੰਘ, ਐਸ.ਐਮ.ਓ. ਡਾ. ਗਗਨਦੀਪ ਸਿੰਘ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਦਿਤਯ ਪਾਲ ਸਿੰਘ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਕਿਰਪਾਲ ਸਿੰਘ ਝੱਲੀ, ਬੀ.ਸੀ.ਜੀ. ਅਫ਼ਸਰ ਡਾ. ਜੋਤੀ, ਬੀ.ਈ.ਈ. ਰਾਕੇਸ਼ ਸਿੰਘ, ਜ਼ਿਲ੍ਹਾ ਬੀ.ਸੀ.ਸੀ. ਕੋਆਰਡੀਨੇਟਰ ਨੀਰਜ ਸ਼ਰਮਾ ਮੌਜੂਦ ਸਨ।

ਕਿਸੇ ਵੀ ਬੱਚੇ 'ਤੇ ਨਹੀਂ ਹੋਇਆ ਕੋਈ ਮਾੜਾ ਪ੍ਰਭਾਵ - ਡਾ. ਚੋਪੜਾ

ਜ਼ਿਲ੍ਹਾ ਟੀਕਾਕਰਨ ਅਧਿਕਾਰੀ ਡਾ. ਰਾਕੇਸ਼ ਚੋਪੜਾ ਨੇ ਜਾਣਕਾਰੀ ਦਿੱਤੀ ਕਿ ਟੀਕਾਕਰਨ ਮੁਹਿੰਮ ਦੇ ਅੱਜ ਪਹਿਲੇ ਦਿਨ ਜ਼ਿਲ੍ਹੇ 'ਚ ਚਾਰ ਥਾਵਾਂ ਈ.ਐਸ.ਆਈ. ਹਸਪਤਾਲ, ਯੂ.ਪੀ.ਐੱਚ.ਸੀ. ਗੜ੍ਹਾ, ਯੂ.ਪੀ.ਐਚ.ਸੀ. ਮਕਸੂਦਾਂ ਤੇ ਜੈਨ ਮਾਡਲ ਸਕੂਲ ਵਿਜੇ ਨਗਰ ਵਿਖੇ 15 ਤੋਂ 18 ਸਾਲ ਦੇ ਬੱਚਿਆਂ ਨੂੰ ਟੀਕੇ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ ਕਿਸੇ ਵੀ ਬੱਚੇ 'ਤੇ ਕੋਰੋਨਾ ਟੀਕਾਕਰਨ ਦਾ ਕੋਈ ਵੀ ਮਾੜਾ ਪ੍ਰਭਾਵ ਦੇਖਣ ਨੂੰ ਨਹੀਂ ਮਿਲਿਆ।

ਪਹਿਲਾਂ ਤੋੜੀਆਂ ਸੜਕਾਂ ਠੀਕ ਨਹੀਂ ਕੀਤੀਆਂ, ਨਵੇਂ ਪਾਸ ਕੀਤੇ ਜਾ ਰਹੇ ਕਰੋੜਾਂ ਦੇ ਕੰਮ

ਚੋਣਾਂ ਨੇੜੇ ਆ ਜਾਣ ਦੇ ਬਾਵਜੂਦ ਵੀ ਕੰਮ ਪੂਰੇ ਕਰਵਾਉਣ 'ਚ ਨਹੀਂ ਲਈ ਜਾ ਰਹੀ ਦਿਲਚਸਪੀ

ਸ਼ਿਵ ਸ਼ਰਮਾ

ਜਲੰਧਰ, 3 ਜਨਵਰੀ- ਵਿਧਾਨ ਸਭਾ ਚੋਣਾਂ ਦੀ ਆਮਦ ਨੂੰ ਦੇਖਦੇ ਹੋਏ ਜਿੱਥੇ ਸਰਕਾਰ ਨੇ ਨਿਗਮ ਪ੍ਰਸ਼ਾਸਨ ਨੂੰ ਸਾਰੇ ਚੱਲਦੇ ਹੋਏ ਕੰਮ ਪੂਰੇ ਕਰਵਾਉਣ ਦੀ ਸਖ਼ਤ ਹਦਾਇਤ ਦਿੱਤੀ ਸੀ ਪਰ ਉਲਟਾ ਅਜੇ ਤੱਕ ਪਹਿਲੇ ਸ਼ੁਰੂ ਕੀਤੇ ਗਏ ਕੰਮ ਪੂਰੇ ਨਹੀਂ ਹੋਏ ਸਗੋਂ ਵਿੱਤ ਤੇ ਠੇਕਾ ਸਬ ਕਮੇਟੀ ਵਲੋਂ ਆਏ ਦਿਨ ਕਰੋੜਾਂ ਰੁਪਏ ਦੇ ਕੰਮ ਪਾਸ ਕੀਤੇ ਜਾ ਰਹੇ ਹਨ। ਜਦਕਿ ਕਈ ਜਗਾ ਤੋੜੀਆਂ ਗਈਆਂ ਸੜਕਾਂ ਤੇ ਗਲੀਆਂ ਨੂੰ ਨਾ ਬਣਾਉਣ ਕਰਕੇ ਲੋਕਾਂ 'ਚ ਕਾਫੀ ਰੋਸ ਪਾਇਆ ਜਾ ਰਿਹਾ ਹੈ।

ਕਿਤੇ ਤੋੜੀਆਂ ਤੇ ਕਿਤੇ ਨਵੀਆਂ ਲਗਾਈਆਂ ਜਾ ਰਹੀਆਂ ਇੰਟਰਲਾਕ ਟਾਈਲਾਂ

ਇਕ ਪਾਸੇ ਤਾਂ ਨਿਗਮ ਵਲੋਂ ਇੰਟਰਲਾਕ ਟਾਈਲਾਂ ਵਾਲੀਆਂ ਗਲੀਆਂ ਸੜਕਾਂ ਤੋੜ ਕੇ ਉਸ ਦੀ ਜਗਾ ਸੀਮੈਂਟ ਦੀਆਂ ਸੜਕਾਂ ਬਣਾਈਆਂ ਜਾ ਰਹੀਆਂ ਹਨ ਜਿਸ ਕਰਕੇ ਪਹਿਲਾਂ ਕਰੋੜਾਂ ਦੀਆਂ ਲੱਗੀਆਂ ਇੰਟਰਲਾਕ ਟਾਈਲਾਂ ਬੇਕਾਰ ਹੋ ਰਹੀਆਂ ਹਨ। ਸੈਂਟਰਲ ਟਾਊਨ ਦੀਆਂ ਗਲੀਆਂ ਇਸ ਦਾ ਸਬੂਤ ਹਨ ਜਦਕਿ ਦੂਜੇ ਪਾਸੇ ਨਿਗਮ ਦੀ ਵਿੱਤ ਅਤੇ ਠੇਕਾ ਕਮੇਟੀ ਦੀ 6 ਜਨਵਰੀ ਦੀ ਹੋਣ ਵਾਲੀ ਮੀਟਿੰਗ 'ਚ ਇੰਟਰਲਾਕ ਟਾਈਲਾਂ ਲਗਾਉਣ ਦੇ ਲੱਖਾਂ ਰੁਪਏ ਦੇ ਕੰਮ ਪਾਏ ਗਏ ਹਨ। ਕਈਆਂ ਦਾ ਕਹਿਣਾ ਹੈ ਕਿ ਜੇਕਰ ਹੁਣ ਕਈ ਜਗਾ ਨਿਗਮ ਵਲੋਂ ਇੰਟਰਲਾਕ ਟਾਈਲਾਂ ਦੀਆਂ ਬਣੀਆਂ ਸੜਕਾਂ ਤੋੜ ਕੇ ਸੀਮੈਂਟ ਦੀਆਂ ਬਣਾਈਆਂ ਜਾ ਰਹੀਆਂ ਹਨ ਤਾਂ ਦੂਜੀ ਥਾਂ ਇੰਟਰਲਾਕ ਟਾਈਲਾਂ ਲਗਾਉਣ ਦੇ ਕੰਮ ਕਿਉਂ ਪਾਸ ਕਰਵਾਏ ਜਾ ਰਹੇ ਹਨ। ਸ਼ਹਿਰ 'ਚ ਇਸ ਵੇਲੇ ਤਾਂ ਕਿਤੇ ਇੰਟਰਲਾਕ ਟਾਈਲਾਂ ਵਾਲੀਆਂ ਸੜਕਾਂ ਤੋੜੀਆਂ ਜਾ ਰਹੀਆਂ ਹਨ ਤੇ ਕਿਤੇ ਇਨ੍ਹਾਂ ਟਾਈਲਾਂ ਦੀਆਂ ਨਵੀਆਂ ਸੜਕਾਂ ਬਣਾਈਆਂ ਜਾ ਰਹੀਆਂ ਹਨ ਤਾਂ ਜੇਕਰ ਇਹ ਕਾਮਯਾਬ ਨਹੀਂ ਹਨ ਤਾਂ ਇੰਟਰਲਾਕ ਟਾਈਲਾਂ ਕਿਉਂ ਲਗਾਈਆਂ ਜਾ ਰਹੀਆਂ ਹਨ।



ਲੰਬੇ ਸਮੇਂ ਤੋਂ ਤੋੜ ਕੇ ਛੱਡੀ ਹੋਈ ਸੈਂਟਰਲ ਟਾਊਨ ਦੀ ਇਕ ਗਲੀ। ਤਸਵੀਰ: ਮੁਨੀਸ਼

ਪਿਛਲੇ ਮਹੀਨੇ ਸਰਕਾਰ ਨੇ ਨਿਗਮ ਪ੍ਰਸ਼ਾਸਨ ਨੂੰ ਇਹ ਹਦਾਇਤ ਦਿੱਤੀ ਸੀ ਕਿ ਰਹਿੰਦੇ ਕੰਮ ਜਲਦ ਪੂਰੇ ਕਰਵਾਏ ਜਾਣ ਪਰ ਸਰਕਾਰ ਦੀ ਹਦਾਇਤ ਦੇ ਬਾਵਜੂਦ ਵੀ ਕੰਮ ਪੂਰੇ ਨਹੀਂ ਕਰਵਾਏ ਜਾ ਰਹੇ ਹਨ। ਜਿਹੜੇ ਠੇਕੇਦਾਰ ਤੈਅ ਸਮੇਂ ਵਿਚ ਕੰਮ ਪੂਰਾ ਨਹੀਂ ਕਰ ਰਹੇ ਹਨ ਤਾਂ ਉਨ੍ਹਾਂ ਖ਼ਿਲਾਫ਼ ਸਖ਼ਤੀ ਕਰਨ ਦੀ ਜਗਾ ਸਗੋਂ ਉਨ੍ਹਾਂ 'ਤੇ ਮਿਹਰਬਾਨੀ ਦਿਖਾ ਕੇ ਉਨ੍ਹਾਂ ਨਾਲ ਨਰਮੀ ਵਰਤੀ ਜਾ ਰਹੀ ਹੈ ਤੇ ਲੋਕਾਂ ਨੂੰ ਇਸ ਦਾ ਖ਼ਮਿਆਜ਼ਾ ਭੁਗਤਣਾ ਪੈਂਦਾ ਹੈ। ਸ਼ਹਿਰ ਵਿਚ ਇਸ ਵੇਲੇ ਕਈ ਸੜਕਾਂ ਤੇ ਗਲੀਆਂ ਦੀ ਕਾਫੀ ਮਾੜੀ ਹਾਲਤ ਹੈ ਕਿ ਉਨ੍ਹਾਂ ਨੂੰ ਤੋੜੇ ਕਈ ਹਫ਼ਤੇ ਬੀਤੇ ਚੁੱਕੇ ਹਨ ਤੇ ਅਜੇ ਤੱਕ ਕੰਮ ਪੂਰਾ ਨਹੀਂ ਕੀਤਾ ਗਿਆ ਹੈ। ਕਈ ਲੋਕਾਂ ਦਾ ਕਹਿਣਾ ਹੈ ਕਿ ਨਿਗਮ ਦਾ 550 ਕਰੋੜ ਤੋਂ ਜ਼ਿਆਦਾ ਦਾ ਬਜਟ ਹੈ ਤੇ ਉਸ ਦਾ ਜ਼ਿਆਦਾ ਬਜਟ ਅਮਲੇ ਦੇ ਖ਼ਰਚੇ ਤੇ ਹੋਰ ਖ਼ਰਚਿਆਂ ਵਿਚ ਨਿਕਲ ਜਾਂਦਾ ਹੈ ਤਾਂ ਵਿਕਾਸ ਦੇ ਕੰਮ ਲਈ ਜੇਕਰ ਪੈਸਾ ਆਉਂਦਾ ਹੈ ਤਾਂ ਉਸ ਨੂੰ ਸਹੀ ਤਰੀਕੇ ਨਾਲ ਹੀ ਵਰਤੋਂ ਕਰਨੀ ਚਾਹੀਦੀ ਹੈ। ਨਿਗਮ ਪ੍ਰਸ਼ਾਸਨ ਨੇ ਪਹਿਲੀ ਵਾਰ ਠੇਕੇਦਾਰਾਂ 'ਤੇ ਐਨੀ ਜ਼ਿਆਦਾ ਮਿਹਰਬਾਨੀ ਦਿਖਾਈ ਹੈ ਕਿ ਕਈ ਠੇਕੇਦਾਰਾਂ ਨੂੰ ਇਕ ਤੋਂ ਜ਼ਿਆਦਾ ਕੰਮ ਅਲਾਟ ਕੀਤੇ ਹੋਏ ਹਨ ਜਦਕਿ ਉਹ ਸੀਮਤ ਗਿਣਤੀ ਵਿਚ ਲੇਬਰ ਰੱਖ ਕੇ ਕੰਮ ਕਰਦੇ ਹਨ ਜਿਸ ਕਰਕੇ ਸਾਰੇ ਕੰਮ ਸਮੇਂ ਸਿਰ ਪੂਰੇ ਨਹੀਂ ਕੀਤੇ ਜਾ ਰਹੇ ਹਨ ਤਾਂ ਇਸ ਨਾਲ ਉਲਟਾ ਸਰਕਾਰ ਦਾ ਅਕਸ ਖ਼ਰਾਬ ਕੀਤਾ ਜਾ ਰਿਹਾ ਹੈ।

ਤੇਜ਼ਧਾਰ ਹਥਿਆਰ ਦਿਖਾ ਕੇ ਰਾਹਗੀਰਾਂ ਨਾਲ ਲੁੱਟ-ਖੋਹ ਕਰਨ ਵਾਲੇ ਦੋ ਦੋਸ਼ੀ ਕਾਬੂ-ਦੋ ਫਰਾਰ

ਜਲੰਧਰ ਛਾਉਣੀ, 3 ਜਨਵਰੀ (ਪਵਨ ਖਰਬੰਦਾ)-ਥਾਣਾ ਪਤਾਰਾ ਦੇ ਅਧੀਨ ਆਉਂਦੇ ਵੱਖ-ਵੱਖ ਖੇਤਰਾਂ 'ਚ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਲੁਟੇਰਾ ਗਰੋਹ ਦੇ ਦੋ ਮੈਂਬਰਾਂ ਨੂੰ ਲੁੱਟੇ ਹੋਏ ਮੋਬਾਇਲਾਂ ਤੇ ਹਜ਼ਾਰਾਂ ਰੁਪਏ ਦੀ ਨਗਦੀ ਸਮੇਤ ਪੁਲਿਸ ਵਲੋਂ ਦੋ ਦੋਸ਼ੀਆਂ ਨੂੰ ਕਾਬੂ ਕੀਤਾ ਗਿਆ ਹੈ, ਜਿਨ੍ਹਾਂ ਦੇ ਦੋ ਸਾਥੀ ਪੁਲਿਸ ਵਲੋਂ ਫਰਾਰ ਦੱਸੇ ਜਾ ਰਹੇ ਹਨ। ਜਾਣਕਾਰੀ ਦਿੰਦੇ ਹੋਏ ਥਾਣਾ ਪਤਾਰਾ ਦੇ ਮੁਖੀ ਰਛਪਾਲ ਸਿੰਘ ਨੇ ਦੱਸਿਆ ਕਿ ਕਾਬੂ ਕੀਤੇ ਦੋਸ਼ੀਆਂ ਦੀ ਪਛਾਣ ਸ਼ਿਵਮ ਗੁੰਗਾ ਪੁੱਤਰ ਸੁਰੇਸ਼ ਕੁਮਾਰ ਵਾਸੀ ਨਿਊਂ ਆਬਾਦੀ ਢਿੱਲਵਾਂ ਅਤੇ ਹਰਪ੍ਰੀਤ ਡੈਨੀ ਪੁੱਤਰ ਬਲਦੇਵ ਸਿੰਘ ਵਾਸੀ ਨੰਗਲਸ਼ਾਮਾਂ ਵਜੋਂ ਹੋਈ ਹੈ, ਜਿਨ੍ਹਾਂ ਨੇ ਮੰਨਿਆ ਹੈ ਕਿ ਉਨ੍ਹਾਂ ਨੇ ਆਪਣੇ ਦੋ ਹੋਰ ਸਾਥੀਆਂ ਰਵੀ ਬੱਕਰਾ ਪੁੱਤਰ ਰਾਜਵੀਰ ਸਿੰਘ ਵਾਸੀ ਦਕੋਹਾ ਅਤੇ ਸੰਨੀ ਬੰਗੜ ਪੁੱਤਰ ਰਛਪਾਲ ਬੰਗੜ ਵਾਸੀ ਢਿੱਲਵਾਂ ਦੀ ਮਦਦ ਨਾਲ ਬੀਤੀ 29 ਦਸੰਬਰ ਨੂੰ ਸ਼ਾਮ ਸਮੇਂ ਪਿੰਡ ਤੱਲ੍ਹਣ ਤੋਂ ਢਿੱਲਵਾਂ ਵੱਲ ਨੂੰ ਜਾਂਦੀ ਰੋਡ 'ਤੇ ਇਕ ਦੁਕਾਨਦਾਰ ਵਿਜੇ ਕੁਮਾਰ ਸਚਦੇਵਾ ਵਾਸੀ ਦਕੋਹਾ ਨੂੰ ਰੋਕ ਕੇ ਉਸ ਪਾਸੋਂ 15 ਹਜ਼ਾਰ ਰੁਪਏ ਦੀ ਨਗਦੀ ਤੇ ਦੋ ਮੋਬਾਇਲ ਲੁੱਟੇ ਸਨ। ਉਨ੍ਹਾਂ ਦੱਸਿਆ ਕਿ ਕਾਬੂ ਕੀਤੇ ਦੋਵੇਂ ਦੋਸ਼ੀਆਂ ਪਾਸੋਂ ਲੁੱਟੀ ਹੋਈ ਨਗਦੀ ਤੇ ਮੋਬਾਇਲ ਬਰਾਮਦ ਕਰ ਲਏ ਗਏ ਹਨ। ਉਕਤ ਦੋਸ਼ੀਆਂ ਨੇ ਮੰਨਿਆ ਹੈ ਕਿ ਉਨ੍ਹਾਂ ਨੇ ਬੀਤੀ 8 ਦਸੰਬਰ ਨੂੰ ਪ੍ਰਸ਼ੋਤਮ ਲਾਲ ਪੁੱਤਰ ਖੇਮਾ ਰਾਮ ਵਾਸੀ ਬੋਲੀਨਾ ਤੋਂ ਸ਼ਾਮ ਸਮੇਂ ਬੋਲੀਨਾ ਪਿੰਡ ਦੀ ਪਾਣੀ ਵਾਲੀ ਟੈਂਕੀ ਨੇੜਿਉਂ 12 ਹਜ਼ਾਰ ਰੁਪਏ ਨਗਦ ਤੇ ਮੋਬਾਇਲ ਫੋਨ ਲੁੱਟਿਆ ਸੀ, ਜੋ ਕਿ ਪੁਲਿਸ ਵਲੋਂ ਬਰਾਮਦ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਕਾਬੂ ਕੀਤੇ ਦੋਵੇਂ ਦੋਸ਼ੀਆਂ ਹਰਪ੍ਰੀਤ ਡੈਨੀ ਤੇ ਸ਼ਿਵਮ ਗੁੰਗਾ ਨੂੰ ਅਦਾਲਤ 'ਚ ਪੇਸ਼ ਕਰਕੇ ਦੋ ਦਿਨ ਦਾ ਪੁਲਿਸ ਰਿਮਾਂਡ ਲਿਆ ਗਿਆ ਹੈ ਤੇ ਫ਼ਰਾਰ ਦੋਸ਼ੀਆਂ ਰਵੀ ਬੱਕਰਾ ਤੇ ਸੰਨੀ ਬੰਗੜ ਦੀ ਭਾਲ 'ਚ ਛਾਪਾਮਾਰੀ ਕੀਤੀ ਜਾ ਰਹੀ ਹੈ।

ਕਾਬੂ ਕੀਤੇ ਗਏ ਲੁਟੇਰਿਆਂ ਸੰਬੰਧੀ ਜਾਣਕਾਰੀ ਦਿੰਦੇ ਹੋਏ ਪੁਲਿਸ ਅਧਿਕਾਰੀ। ਅਜੀਤ ਤਸਵੀਰ

ਜ਼ਿਲ੍ਹਾ ਅਤੇ ਸੈਸ਼ਨ ਜੱਜ ਰੂਪਿੰਦਰਜੀਤ ਚਹਿਲ ਸੰਬੋਧਨ ਕਰਦੇ ਹੋਏ ਨਾਲ ਹਨ ਓਮ ਪ੍ਰਕਾਸ਼ ਸ਼ਰਮਾ ਤੇ ਮੌਜੂਦ ਸਾਬਕਾ ਪ੍ਰਧਾਨ ਗੁਰਮੇਲ ਸਿੰਘ ਲਿੱਧੜ, ਰਾਜ ਕੁਮਾਰ ਭੱਲਾ, ਸੰਗੀਤਾ ਸੋਨੀ ਤੇ ਹੋਰ। ਤਸਵੀਰਾਂ : ਮੁਨੀਸ਼

ਵਕੀਲਾਂ ਤੇ ਜੁਡੀਸ਼ੀਅਲ ਅਧਿਕਾਰੀਆਂ ਨੇ ਸਾਂਝੇ ਤੌਰ 'ਤੇ ਮਨਾਇਆ ਨਵਾਂ ਸਾਲ

ਜਲੰਧਰ, 3 ਜਨਵਰੀ (ਚੰਦੀਪ ਭੱਲਾ)- ਜ਼ਿਲ੍ਹਾ ਬਾਰ ਐਸੋਸੀਏਸ਼ਨ ਵਲੋਂ ਅਦਾਲਤਾਂ 'ਚ ਸਰਦੀਆਂ ਦੀਆਂ ਛੁੱਟੀਆਂ ਤੋਂ ਬਾਅਦ ਅੱਜ ਅਦਾਲਤਾਂ ਦਾ ਕੰਮਕਾਜ ਸ਼ੁਰੂ ਹੋਣ 'ਤੇ ਜੁਡੀਸ਼ੀਅਲ ਅਧਿਕਾਰੀਆਂ ਨਾਲ ਮਿਲ ਕੇ ਤੇ ਚਾਅ ਪਾਰਟੀ ਨਾਲ ਨਵਾਂ ਸਾਲ ਮਨਾਇਆ। ਇਸ ਦੌਰਾਨ ਡਵੀਜ਼ਨਲ ਕਮਿਸ਼ਨਰ ਵੀ.ਕੇ.ਮੀਨਾ ਤੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਰੂਪਿੰਦਰ ਜੀਤ ਚਹਿਲ, ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਰਾਣਾ ਕੰਵਰਦੀਪ ਕੌਰ, ਮਨਜਿੰਦਰ ਸਿੰਘ, ਐਲ.ਕੇ.ਸਿੰਗਲਾ, ਕੇ.ਕੇ.ਗੋਇਲ, ਐਮ.ਕੇ.ਬੇਦੀ ਹੋਰ ਜੁਡੀਸ਼ੀਅਲ ਅਧਿਕਾਰੀਆਂ ਤੋਂ ਇਲਾਵਾ ਬਾਰ ਦੇ ਪ੍ਰਧਾਨ ਓਮ ਪਰਕਾਸ਼ ਸ਼ਰਮਾ, ਸਕੱਤਰ ਹਰਸ਼ ਵਰਧਨ ਕੋਹਲੀ, ਸਾਬਕਾ ਪ੍ਰਧਾਨ ਰਾਜ ਕੁਮਾਰ ਭੱਲਾ, ਸਾਬਕਾ ਸਹਾਇਕ ਸਕੱਤਰ ਸੰਗੀਤਾ ਸੋਨੀ ਤੋਂ ਇਲਾਵਾ ਵੱਡੀ ਗਿਣਤੀ 'ਚ ਹੋਰ ਵਕੀਲ ਮੈਂਬਰ ਮੌਜੂਦ ਸਨ। ਇਸ ਦੌਰਾਨ ਆਪਣੇ ਸੰਬੋਧਨ 'ਚ ਜ਼ਿਲ੍ਹਾ ਅਤੇ ਸੈਸ਼ਨ ਜੱਜ ਰੁਪਿੰਦਰਜੀਤ ਚਹਿਲ ਨੇ ਕਿਹਾ ਕਿ ਵਕੀਲਾਂ ਅਤੇ ਜੁਡੀਸ਼ੀਅਲ ਅਧਿਕਾਰੀਆਂ ਦੀ ਸੁਰੱਖਿਆ ਨੂੰ ਧਿਆਨ 'ਚ ਰੱਖਦੇ ਹੋਏ ਅਦਾਲਤੀ ਕੰਪਲੈਕਸ ਦੀ ਸੁਰੱਖਿਆ 'ਚ ਵਾਧਾ ਕੀਤਾ ਗਿਆ ਤੇ ਸਾਰੇ ਸੁਰੱਖਿਆ ਨਿਯਮਾਂ ਦਾ ਪਾਲਣ ਕਰਨ ਤੇ ਨਾਲ ਹੀ ਕੋਰੋਨਾ ਦੁਬਾਰਾ ਤੋਂ ਆਪਣੇ ਪੈਰ ਪਸਾਰ ਰਿਹਾ ਹੈ ਤੇ ਇਸ ਲਈ ਅਦਾਲਤ 'ਚ ਕੋਰੋਨਾ ਪਾਬੰਦੀਆਂ ਦਾ ਵੀ ਪਾਲਣ ਕੀਤਾ ਜਾਵੇ। ਇਸ ਦੌਰਾਨ ਪ੍ਰਧਾਨ ਓਮ ਪਰਕਾਸ਼ ਸ਼ਰਮਾ, ਰਾਜ ਕੁਮਾਰ ਭੱਲਾ ਨੇ ਵੀ ਕਿਹਾ ਕਿ ਸਾਰੇ ਵਕੀਲ ਸੁਰੱਖਿਆ ਅਤੇ ਕੋਰੋਨਾ ਨਿਯਮਾਂ ਦਾ ਪਾਲਣ ਕਰਨ। ਇਸ ਦੌਰਾਨ ਇਨ੍ਹਾਂ ਤੋਂ ਇਲਾਵਾ ਮਨਦੀਪ ਸਿੰਘ ਸਚਦੇਵਾ, ਸੰਜੀਵ ਬਾਂਸਲ, ਅਨੁਜ ਬਾਂਸਲ, ਵਿਨੇ ਸ਼ਰਮਾ, ਅਸ਼ੋਕ ਸ਼ਰਮਾ, ਕਰਮਪਾਲ ਸਿੰਘ ਗਿੱਲ, ਰਵੀਸ਼ ਮਲਹੋਤਰਾ, ਜਤਿੰਦਰ ਅਰੋੜਾ ਆਦਿ ਮੌਜੂਦ ਸਨ।

ਡਵੀਜ਼ਨਲ ਕਮਿਸ਼ਨਰ ਵੀ.ਕੇ.ਮੀਨਾ ਵੀ ਪਹੁੰਚੇ

ਦੁਕਾਨ ਨੂੰ ਸੰਨ੍ਹ ਲਗਾ ਰਹੇ 3 ਵਿਅਕਤੀਆਂ 'ਚੋਂ ਇਕ ਗ੍ਰਿਫ਼ਤਾਰ- 2 ਫਰਾਰ

ਜਲੰਧਰ, 3 ਜਨਵਰੀ (ਐੱਮ. ਐੱਸ. ਲੋਹੀਆ)-ਕਾਲਾ ਸੰਘਿਆਂ ਰੋਡ 'ਤੇ ਕੱਪੜੇ ਦੀ ਦੁਕਾਨ ਨੂੰ ਸੰਨ੍ਹ ਲਗਾਉਂਦੇ 3 ਵਿਅਕਤੀਆਂ 'ਚੋਂ ਇਕ ਨੂੰ ਕਾਬੂ ਕਰਕੇ ਲੋਕਾਂ ਨੇ ਪੁਲਿਸ ਹਵਾਲੇ ਕਰ ਦਿੱਤਾ ਹੈ, ਜਿਸ ਦੀ ਪਛਾਣ ਰੋਮੀ ਪੁੱਤਰ ਕਾਲੂ ਵਾਸੀ ਮਨਜੀਤ ਨਗਰ, ਜਲੰਧਰ ਵਜੋਂ ਹੋਈ ਹੈ। ਥਾਣਾ ਭਾਰਗੋ ਕੈਂਪ ਦੇ ਮੁਖੀ ਕੁਲਦੀਪ ਸਿ